ਰਫ਼ਆ-ਯਦੈਨ

ਰਫ਼ਆ-ਯਦੈਨ ਯਾਨੀ ਦੋਵਾਂ ਹੱਥਾਂ ਨੂੰ ਚੁੱਕਣਾ ਨਮਾਜ਼ ਵਿੱਚ ਚਾਰ ਥਾਂ ਸਾਬਤ ਹੈ:

(1) ਨਮਾਜ਼ ਦੇ ਸ਼ੁਰੂ ਵਿੱਚ ਤਕਬੀਰ-ਏ-ਤਹਿਰੀਮਾ ਦੇ ਸਮੇਂ (2) ਰੁਕੂਅ ਤੋਂ ਪਹਿਲਾਂ (3) ਰੁਕੂਅ ਤੋਂ ਬਾਦ (4) ਅਤੇ ਤੀਸਰੀ ਰਕਾਅਤ ਦੇ ਸ਼ੁਰੂ ਵਿੱਚ। ਇਹਨਾਂ ਥਾਂਵਾਂ ਵਿੱਚ ਰਫ਼ਆ-ਯਦੈਨ ਕਰਨ ਦੀਆਂ ਦਲੀਲਾਂ ਨਿਮਨ ਲਿਖਤ ਅਨੁਸਾਰ ਹਨ:

1- ਹਜ਼ਰਤ ਅਬਦੁੱਲਾਹ ਬਿਨ ਜ਼ੁਬੈਰ (ਰਜ਼ੀ.) ਫ਼ਰਮਾਉਂਦੇ ਹਨ:"ਮੈਂ ਅਬੂ ਬਕਰ ਸਿੱਦੀਕ (ਰਜ਼ੀ.) ਦੇ ਪਿੱਛੇ ਨਮਾਜ਼ ਪੜ੍ਹੀ ਉਹ ਨਮਾਜ਼ ਦੇ ਸ਼ੁਰੂ ਵਿੱਚ ਅਤੇ ਰੁਕੂਅ ਤੋਂ ਪਹਿਲਾਂ ਅਤੇ ਜਦੋਂ ਰੁਕੂਅ 'ਚੋਂ ਸਿਰ ਚੁੱਕਦੇ ਤਾਂ ਆਪਣੇ ਦੋਵੇਂ ਹੱਥ (ਮੋਢਿਆਂ ਤੱਕ) ਚੁੱਕਦੇ ਸੀ ਅਤੇ ਕਹਿੰਦੇ ਕਿ ਰਸੂਲੱਲਾਹ (ਸ.) ਵੀ ਨਮਾਜ਼ ਦੇ ਸ਼ੁਰੂ,ਰੁਕੂਅ ਤੋਂ ਪਹਿਲਾਂ ਅਤੇ ਰੁਕੂਅ 'ਚੋਂ ਸਿਰ ਚੁੱਕਣ ਤੋਂ ਬਾਦ (ਇਸੇ ਤਰ੍ਹਾਂ) ਰਫ਼ਆ-ਯਦੈਨ ਕਰਦੇ ਸੀ।"

(ਬੈਹਕੀ-2/73)

2- ਹਜ਼ਰਤ ਉਮਰ ਫ਼ਾਰੂਕ (ਰਜ਼ੀ.) ਨੇ ਇੱਕ ਵਾਰ ਲੋਕਾਂ ਨੂੰ ਨਮਾਜ਼ ਦਾ ਤਰੀਕਾ ਦੱਸਣ ਦਾ ਇਰਾਦਾ ਕੀਤਾ ਤਾਂ ਕਿਬਲੇ ਵੱਲ ਮੂੰਹ ਕਰਕੇ ਖੜ੍ਹੇ ਹੋ ਗਏ ਅਤੇ ਦੋਵਾਂ ਹੱਥਾਂ ਨੂੰ ਮੋਢਿਆਂ ਤੱਕ ਚੁੱਕਿਆ,ਫਿਰ ਅੱਲਾਹੁ ਅਕਬਰ ਕਿਹਾ,ਫੇਰ ਰੁਕੂਅ ਕੀਤਾ ਅਤੇ ਉਸੇ ਤਰ੍ਹਾਂ (ਹੱਥਾਂ ਨੂੰ ਉੱਚਾ) ਕੀਤਾ ਅਤੇ ਰੁਕੂਅ 'ਚੋਂ ਸਿਰ ਚੁੱਕ ਕੇ ਵੀ ਰਫ਼ਆ-ਯਦੈਨ ਕੀਤਾ।

(ਬੈਹਕੀ-1/415,416)

3- ਹਜ਼ਰਤ ਅਲੀ (ਰਜ਼ੀ.) ਫ਼ਰਮਾਉਂਦੇ ਹਨ: ਕਿ ਰਸੂਲੱਲਾਹ (ਸ.) ਨਮਾਜ਼ ਦੇ ਸ਼ੁਰੂ ਵਿੱਚ,ਰੁਕੂਅ ਵਿੱਚ ਜਾਣ ਤੋਂ ਪਹਿਲਾਂ ਅਤੇ ਰੁਕੂਅ 'ਚੋਂ ਸਿਰ ਚੁੱਕਣ ਤੋਂ ਬਾਦ ਅਤੇ ਦੋ ਰਕਾਅਤਾਂ ਪੜ੍ਹਕੇ ਖੜ੍ਹੇ ਹੁੰਦੇ ਸਮੇਂ ਰਫ਼ਆ-ਯਦੈਨ ਕਰਦੇ ਸੀ।

(ਅਬੂ ਦਾਊਦ-744,ਇਬਨੇ ਮਾਜਾ-864,ਇਸਨੂੰ ਤਿਰਮਿਜ਼ੀ-3423 ਨੇ ਹਸਨ ਸਹੀ ਕਿਹਾ ਹੈ)

4- ਹਜ਼ਰਤ ਅਬਦੁੱਲਾਹ ਬਿਨ ਉਮਰ (ਰਜ਼ੀ.) ਫ਼ਰਮਾਉਂਦੇ ਹਨ: ਰਸੂਲੱਲਾਹ (ਸ.) ਨਮਾਜ਼ ਦੇ ਸ਼ੁਰੂ ਵਿੱਚ,ਰੁਕੂਅ ਤੋਂ ਪਹਿਲਾਂ ਅਤੇ ਰੁਕੂਅ ਤੋਂ ਬਾਦ ਆਪਣੇ ਦੋਵਾਂ ਹੱਥਾਂ ਨੂੰ ਮੋਢਿਆਂ ਤੱਕ ਚੁੱਕਿਆ ਕਰਦੇ ਸੀ ਅਤੇ ਸਿਜਦੇ ਵਿੱਚ ਇੰਝ ਨਹੀਂ ਕਰਦੇ ਸੀ।

(ਬੁਖ਼ਾਰੀ-735 ਅਤੇ ਮੁਸਲਿਮ-390)

ਅਬਦੁੱਲਾਹ ਬਿਨ ਉਮਰ ਰਜ਼ੀ:(ਖੁਦ ਵੀ) ਨਮਾਜ਼ ਦੇ ਸ਼ੁਰੂ ਵਿੱਚ,ਰੁਕੂਅ ਤੋਂ ਪਹਿਲਾਂ,ਰੁਕੂਅ ਤੋਂ ਬਾਦ ਅਤੇ ਦੋ ਰਕਾਅਤਾਂ ਪੜ੍ਹਕੇ ਖੜ੍ਹੇ ਹੁੰਦੇ ਸਮੇਂ ਰਫ਼ਆ-ਯਦੈਨ ਕਰਦੇ ਅਤੇ ਫ਼ਰਮਾਉਂਦੇ ਕਿ ਰਸੂਲੱਲਾਹ (ਸ.) ਵੀ ਇਸੇ ਤਰ੍ਹਾਂ ਕਰਦੇ ਸੀ।

(ਬੁਖ਼ਾਰੀ-739 ਅਤੇ ਮੁਸਲਿਮ-390)

ਇਮਾਮ ਬੁਖ਼ਾਰੀ (ਰਹਿ.) ਦੇ ਉਸਤਾਦ, ਅਲੀ ਬਿਨ ਮਦੀਨੀ (ਰਹਿ.) ਫ਼ਰਮਾਉਂਦੇ ਹਨ ਕਿ ਹਜ਼ਰਤ ਇਬਨੇ ਉਮਰ (ਰਜ਼ੀ.) ਦੀ ਹਦੀਸ ਦੇ ਆਧਾਰਿਤ ਮੁਸਲਮਾਨਾਂ ਲਈ ਰਫ਼ਆ-ਯਦੈਨ ਕਰਨਾ ਜ਼ਰੂਰੀ ਹੈ।

(ਅਤ ਤਲਖੀਸੁਲ ਹਬੀਰ-1/218)

5- ਹਜ਼ਰਤ ਮਾਲਿਕ ਬਿਨ ਹੁਵੈਰਿਸ (ਰਜ਼ੀ.) ਨਮਾਜ਼ ਦੇ ਸ਼ੁਰੂ ਵਿੱਚ ਰਫ਼ਆ-ਯਦੈਨ ਕਰਦੇ,ਫੇਰ ਜਦੋਂ ਰੁਕੂਅ ਕਰਦੇ ਤਾਂ ਰਫ਼ਆ-ਯਦੈਨ ਕਰਦੇ ਅਤੇ ਰੁਕੂਅ 'ਚੋਂ ਸਿਰ ਚੁੱਕਦੇ ਸਮੇਂ ਰਫ਼ਆ-ਯਦੈਨ ਕਰਦੇ ਅਤੇ ਇਹ ਫ਼ਰਮਾਉਂਦੇ ਕਿ ਰਸੂਲੱਲਾਹ (ਸ.) ਵੀ ਇਸੇ ਤਰ੍ਹਾਂ ਹੀ ਕਰਿਆ ਕਰਦੇ ਸੀ।

(ਬੁਖ਼ਾਰੀ-737 ਅਤੇ ਮੁਸਲਿਮ-391)

6- ਹਜ਼ਰਤ ਵਾਇਲ ਬਿਨ ਹਜਰ (ਰਜ਼ੀ.) ਫ਼ਰਮਾਉਂਦੇ ਹਨ: ਮੈਂ ਨਬੀ ਅਕਰਮ (ਸ.) ਨੂੰ ਦੇਖਿਆ,ਜਦੋਂ ਆਪ ਨਮਾਜ਼ ਸ਼ੁਰੂ ਕਰਦੇ ਤਾਂ ਅੱਲਾਹੁ ਅਕਬਰ ਕਹਿੰਦੇ ਅਤੇ ਆਪਣੇ ਦੋਵਾਂ ਹੱਥਾਂ ਨੂੰ ਚੁੱਕਦੇ। ਫਿਰ ਆਪਣੇ ਹੱਥ ਕੱਪੜੇ ਨਾਲ ਢੱਕ ਲੈਂਦੇ, ਫਿਰ ਸੱਜਾ ਹੱਥ ਖੱਬੇ ਹੱਥ 'ਤੇ ਰੱਖਦੇ। ਜਦੋਂ ਰੁਕੂਅ ਕਰਨ ਲੱਗਦੇ ਤਾਂ ਕੱਪੜਿਆਂ 'ਚੋਂ ਹੱਥ ਬਾਹਰ ਕੱਢਦੇ ਅੱਲਾਹੁ ਅਕਬਰ ਕਹਿੰਦੇ ਅਤੇ ਰਫ਼ਆ-ਯਦੈਨ ਕਰਦੇ, ਜਦੋਂ ਰੁਕੂਅ 'ਚੋਂ ਉੱਠਦੇ ਤਾਂ (سَمِعَ اللهُ لِمَنْ حَمِدَهُ) (ਸਮਿਅੱਲਾ ਹੁਲਿਮਨ ਹਮਿਦਹ) ਕਹਿੰਦੇ 'ਤੇ ਰਫ਼ਆ-ਯਦੈਨ ਕਰਦੇ।

(ਮੁਸਲਿਮ-401)

ਹਜ਼ਰਤ ਵਾਇਲ ਬਿਨ ਹਜਰ (ਰਜ਼ੀ.) 9 ਹਿ: ਅਤੇ 10 ਹਿ: ਨੂੰ ਰਸੂਲੱਲਾਹ (ਸ.) ਕੋਲ ਆਏ। ਇਸ ਲਈ ਇੱਥੋਂ ਸਾਬਤ ਹੁੰਦਾ ਹੈ ਕਿ ਰਸੂਲੱਲਾਹ (ਸ.) 10 ਹਿਜਰੀ ਤੱਕ ਰਫ਼ਆ-ਯਦੈਨ ਕਰਦੇ ਸੀ,11 ਹਿਜਰੀ ਨੂੰ ਨਬੀ (ਸ.) ਦੀ ਮੌਤ ਹੋ ਗਈ। ਇਸ ਕਰਕੇ ਇਸ (ਰਫ਼ਆ-ਯਦੈਨ) ਦੀ ਮਨਸੂਖ਼ੀ ਦੀ ਕੋਈ ਦਲੀਲ ਮੌਜੂਦ ਨਹੀਂ ਹੈ। ਆਪ ਆਖ਼ਰੀ ਉਮਰ ਤੱਕ ਰਫ਼ਆ-ਯਦੈਨ ਕਰਦੇ ਰਹੇ।

7- ਹਜ਼ਰਤ ਅਬੂ ਹਮੀਦ ਸਾਅਦੀ (ਰਜ਼ੀ.) ਨੇ ਦਸ ਸਹਾਬਾ ਦੇ ਇੱਕ ਸਭਾ ਵਿੱਚ ਬਿਆਨ ਕੀਤਾ ਕਿ:ਜਦੋਂ ਰਸੂਲੱਲਾਹ (ਸ.) ਨਮਾਜ਼ ਸ਼ੁਰੂ ਕਰਦੇ ਅਤੇ ਜਦੋਂ ਰੁਕੂਅ ਵਿੱਚ ਜਾਂਦੇ,ਜਦੋਂ ਰੁਕੂਅ'ਚੋਂ ਸਿਰ ਚੁੱਕਦੇ ਅਤੇ ਜਦੋਂ ਦੋ ਰਕਾਅਤਾਂ ਪੜ੍ਹਕੇ ਖੜ੍ਹੇ ਹੁੰਦੇ ਤਾਂ ਰਫ਼ਆ-ਯਦੈਨ ਕਰਦੇ ਸੀ। ਸਾਰੇ ਸਹਾਬਾ ਨੇ ਕਿਹਾ "ਤੁਸੀਂ ਸੱਚ ਬਿਆਨ ਕੀਤਾ ਹੈ ਰਸੂਲੱਲਾਹ (ਸ.) ਇੰਝ ਹੀ ਨਮਾਜ਼ ਪੜ੍ਹਦੇ ਸੀ।

(ਅਬੂ ਦਾਊਦ-730,ਤਿਰਮਿਜ਼ੀ-304,ਇਬਨੇ ਹੱਬਾਨ-5/182,
ਇਸਨੂੰ ਤਿਰਮਿਜ਼ੀ ਨੇ ਹਸਨ ਸਹੀ ਕਿਹਾ ਹੈ)

ਇਮਾਮ ਇਬਨੇ ਖ਼ੁਜ਼ੈਮਾ (ਰਹਿ.) ਇਸ ਹਦੀਸ ਨੂੰ ਰਵਾਇਤ ਕਰਨ ਤੋਂ ਬਾਦ ਫ਼ਰਮਾਉਂਦੇ ਹਨ ਕਿ ਮੈਂ ਮੁਹੰਮਦ ਬਿਨ ਯਹਯਾ ਨੂੰ ਇਹ ਕਹਿੰਦੇ ਹੋਏ ਸੁਣਿਆ ਹੈ ਕਿ ਜਿਹੜਾ ਵਿਅਕਤੀ ਅਬੂ ਹਮੀਦ ਦੀ ਹਦੀਸ ਸੁਣਨ ਤੋਂ ਬਾਦ ਵੀ ਰੁਕੂਅ 'ਚ ਜਾਂਦੇ ਅਤੇ ਉੱਥੋਂ ਸਿਰ ਚੁੱਕਦੇ ਸਮੇਂ ਰਫ਼ਆ-ਯਦੈਨ ਨਹੀਂ ਕਰਦਾ ਤਾਂ ਉਸਦੀ ਨਮਾਜ਼ ਨਾਕਿਸ ਹੋਵੇਗੀ।

(ਸਹੀ ਇਬਨੇ ਖ਼ੁਜ਼ੈਮਾ-1/298,588)

8- ਹਜ਼ਰਤ ਅਬੂ ਮੂਸਾ ਅਸ਼ਅਰੀ (ਰਜ਼ੀ.) ਨੇ (ਇੱਕ ਦਿਨ ਲੋਕਾਂ ਨੂੰ) ਫ਼ਰਮਾਇਆ ਕਿ "ਕੀ ਮੈਂ ਤੁਹਾਨੂੰ ਰਸੂਲੱਲਾਹ (ਸ.) ਦੀ ਨਮਾਜ਼ ਨਾ ਦੱਸਾਂ? ਇਹ ਕਹਿੰਦੇ ਹੋਏ ਉਹਨਾਂ ਨੇ ਨਮਾਜ਼ ਪੜ੍ਹੀ ਜਦੋਂ ਤਕਬੀਰ-ਏ-ਤਹਿਰੀਮਾ ਕਹੀ ਤਾਂ ਰਫ਼ਆ-ਯਦੈਨ ਕੀਤਾ,ਫਿਰ ਜਦੋਂ ਰੁਕੂਅ ਕੀਤਾ ਤਾਂ ਰਫ਼ਆ-ਯਦੈਨ ਕੀਤਾ ਅਤੇ ਤਕਬੀਰ ਕਹੀ ਅਤੇ ਰੁਕੂਅ 'ਚੋਂ ਸਿਰ ਚੁੱਕਿਆ ਫੇਰ (سَمِعَ اللّٰهُ لِمَنْ حَمِدَهُ) (ਸਮਿਅੱਲਾ ਹੁਲਿਮਨ ਹਮਿਦਹ) ਕਹਿਕੇ ਦੋਵੇਂ ਹੱਥ (ਮੋਢਿਆਂ ਤੱਕ) ਚੁੱਕੇ। ਫਿਰ ਫ਼ਰਮਾਇਆ: "ਇਸੇ ਤਰ੍ਹਾਂ ਕਰਿਆ ਕਰੋ।"

{ਦਾਰ ਕੁਤਨੀ-1/292,ਹਾਫ਼ਿਜ਼ ਇਬਨੇ ਹਜਰ ਨੇ ਕਿਹਾ ਕਿ ਇਸ ਦੇ ਰਾਵੀ ਸਕਾ (ਵਿਸ਼ਵਾਸਪਾਤਰ) ਹਨ।ਅਲਤਲਖ਼ੀਸ-1/219}

9- ਹਜ਼ਰਤ ਅਬੂ ਹੁਰੈਰਹ (ਰਜ਼ੀ.) ਫ਼ਰਮਾਉਂਦੇ ਹਨ ਕਿ ਰਸੂਲੱਲਾਹ (ਸ.) ਨਮਾਜ਼ ਦੇ ਸ਼ੁਰੂ ਵਿੱਚ,ਰੁਕੂਅ ਤੋਂ ਪਹਿਲਾਂ ਤੇ ਬਾਦ ਆਪਣੇ ਦੋਵੇਂ ਹੱਥ (ਮੋਢਿਆਂ ਤੱਕ) ਚੁੱਕਿਆ ਕਰਦੇ ਸੀ।

(ਇਬਨੇ ਮਾਜਾ-860,ਇਸਨੂੰ ਇਮਾਮ ਖ਼ੁਜ਼ੈਮਾ ਨੇ-1/344 ਹਦੀਸ-694 ਨੇ ਸਹੀ ਕਿਹਾ ਹੈ)

10- ਹਜ਼ਰਤ ਜਾਬਿਰ ਬਿਨ ਅਬਦੁੱਲਾਹ (ਰਜ਼ੀ.) ਜਦੋਂ ਨਮਾਜ਼ ਸ਼ੁਰੂ ਕਰਦੇ ਅਤੇ ਜਦੋਂ ਰੁਕੂਅ ਕਰਦੇ 'ਤੇ ਰੁਕੂਅ 'ਚੋਂ ਸਿਰ ਚੁੱਕਦੇ ਤਾਂ ਰਫ਼ਆ-ਯਦੈਨ ਕਰਦੇ ਅਤੇ ਫ਼ਰਮਾਉਂਦੇ ਕਿ ਰਸੂਲੱਲਾਹ (ਸ.) ਵੀ ਇਸੇ ਤਰ੍ਹਾਂ ਹੀ ਕਰਿਆ ਕਰਦੇ ਸੀ।

{ਮੁਸਨਦ ਅਲ ਸਿਰਾਜ,ਇਬਨੇ ਮਾਜਾ-868,ਇਬਨੇ ਹਜਰ ਨੇ ਕਿਹਾ ਹੈ ਕਿ ਇਸਦੇ ਰਾਵੀ ਸਕਾ (ਵਿਸ਼ਵਾਸਪਾਤਰ) ਹਨ}

ਰਫ਼ਆ-ਯਦੈਨ ਨਾ ਕਰਨ ਵਾਲੇ (ਲੋਕਾਂ) ਦੀਆਂ ਦਲੀਲਾਂ ਦਾ ਵਿਸ਼ਲੇਸ਼ਣ :

ਜਿਹੜੀਆਂ ਹਦੀਸਾਂ ਤੋਂ ਰਫ਼ਆ-ਯਦੈਨ ਨਾ ਕਰਨ ਦੀ ਦਲੀਲ ਲਈ ਜਾਂਦੀ ਉਹਨਾਂ ਦਾ ਸੰਖੇਪ ਵਿੱਚ ਜਵਾਬ ਇਸ ਪ੍ਰਕਾਰ ਹੈ।

ਪਹਿਲੀ ਹਦੀਸ:

ਹਜ਼ਰਤ ਜਾਬਿਰ ਬਿਨ ਸਮਰਾ (ਰਜ਼ੀ.) ਬਿਆਨ ਕਰਦੇ ਹਨ ਕਿ ਰਸੂਲੱਲਾਹ (ਸ.) ਨੇ ਫ਼ਰਮਾਇਆ:"ਕੀ ਗੱਲ ਹੈ ਕਿ ਮੈਂ ਤੁਹਾਨੂੰ ਇੰਝ ਹੱਥ ਚੁੱਕਦੇ ਦੇਖਦਾ ਹਾਂ ਜਿਵੇਂ ਕਿ ਉਹ ਸਰਕਸ਼ ਘੋੜਿਆਂ ਦੀਆਂ ਪੂੰਛਾਂ ਹੋਣ। ਨਮਾਜ਼ ਸ਼ਾਂਤੀ ਨਾਲ ਪੜ੍ਹਿਆ ਕਰੋ।"

(ਮੁਸਲਿਮ-430)

ਵਿਸ਼ਲੇਸ਼ਣ: ਇਸ ਹਦੀਸ ਵਿੱਚ ਉਸ ਥਾਂ ਦਾ ਜ਼ਿਕਰ ਨਹੀਂ ਹੈ ਜਿਸ ਥਾਂ 'ਤੇ ਸਹਾਬਾ (ਰਜ਼ੀ.) ਹੱਥ ਚੁੱਕ ਰਹੇ ਸਨ ਅਤੇ ਰਸੂਲੱਲਾਹ (ਸ.) ਨੇ ਉਹਨਾਂ ਨੂੰ ਮਨ੍ਹਾਂ ਕੀਤਾ। ਜਾਬਿਰ ਬਿਨ ਸਮਰਾ ਦੀਆਂ ਹੀ ਮੁਸਲਿਮ ਵਿੱਚ ਦੋ ਰਵਾਇਤਾਂ ਇਸੇ ਨਾਲ ਸੰਬੰਧਿਤ ਹਨ ਜਿਹੜੀਆਂ ਇਸ ਗੱਲ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰ ਰਹੀਆਂ ਹਨ।

(1) ਹਜ਼ਰਤ ਜਾਬਿਰ ਬਿਨ ਸਮਰਾ (ਰਜ਼ੀ.) ਫ਼ਰਮਾਉਂਦੇ ਹਨ: ਰਸੂਲੱਲਾਹ (ਸ.) ਨਾਲ ਜਦੋਂ ਅਸੀਂ ਨਮਾਜ਼ ਪੜ੍ਹਦੇ ਤਾਂ ਨਮਾਜ਼ ਦੇ ਖ਼ਾਤਮੇ 'ਤੇ ਸੱਜੇ, ਖੱਬੇ (اَلسَّلَامُ عَلَيْكُمْ وَرَحْمَةُ اللهِ) (ਅੱਸਲਾਮੁ ਅਲੈਕੁਮ ਵਾ ਰਹਮਾਤੁੱਲਾਹਿ) ਕਹਿੰਦੇ ਹੋਏ ਹੱਥਾਂ ਨਾਲ ਵੀ ਇਸ਼ਾਰੇ ਕਰਦੇ ਸੀ ਇਹ ਦੇਖਕੇ ਆਪ (ਸ.) ਨੇ ਫ਼ਰਮਾਇਆ:"ਤੁਸੀਂ ਆਪਣੇ ਹੱਥਾਂ ਨਾਲ ਇੰਝ ਇਸ਼ਾਰੇ ਕਰਦੇ ਹੋ ਜਿਵੇਂ ਸ਼ਰਾਰਤੀ ਘੋੜਿਆਂ ਦੀਆਂ ਪੂੰਛਾਂ ਹਿੱਲਦੀਆਂ ਹੋਣ। ਤੁਹਾਨੂੰ ਇਹੀ ਕਾਫ਼ੀ ਹੈ ਕਿ ਕਆਦਾ ਵਿੱਚ (ਬੈਠੇ ਹੋਏ) ਆਪਣੇ ਪੱਟਾਂ ਤੇ ਹੱਥ ਰੱਖੇ ਹੋਏ ਸੱਜੇ ਅਤੇ ਖੱਬੇ ਮੂੰਹ ਮੋੜ ਕੇ (اَلسَّلَامُ عَلَيْكُمْ وَرَحْمَةُ اللهِ) (ਅੱਸਲਾਮੁ ਅਲੈਕੁਮ ਵਾ ਰਹਮਾਤੁੱਲਹਿ) ਕਹੋ।"

(ਮੁਸਲਿਮ-431 ਦੀ ਪੂਰਕ ਹਦੀਸ)

(2) ਹਜ਼ਰਤ ਜਾਬਿਰ ਬਿਨ ਸਮਰਾ (ਰਜ਼ੀ.) ਦਾ ਬਿਆਨ ਹੈ: ਅਸੀਂ ਰਸੂਲੱਲਾਹ (ਸ.) ਦੇ ਨਾਲ ਨਮਾਜ਼ ਦੇ ਖ਼ਾਤਮੇ 'ਤੇ (اَلسَّلَامُ عَلَيْكُمْ وَرَحْمَةُ اللهِ) (ਅੱਸਲਾਮੁ ਅਲੈਕੁਮ ਵਾ ਰਹਮਾਤੁੱਲਹਿ) ਕਹਿੰਦੇ ਹੋਏ ਹੱਥਾਂ ਨਾਲ ਇਸ਼ਾਰੇ ਵੀ ਕਰਦੇ ਸੀ, ਇਹ ਦੇਖ ਕੇ ਆਪ (ਸ.) ਨੇ ਫ਼ਰਮਾਇਆ:ਤੁਹਾਨੂੰ ਕੀ ਹੋ ਗਿਆ ਹੈ ਤੁਸੀਂ ਆਪਣੇ ਹੱਥਾਂ ਨਾਲ ਇੰਝ ਇਸ਼ਾਰੇ ਕਰਦੇ ਹੋ ਜਿਵੇਂ ਸ਼ਰਾਰਤੀ ਘੋੜਿਆਂ ਦੀਆਂ ਪੂੰਛਾਂ ਹੋਣ। ਤੁਸੀਂ ਨਮਾਜ਼ ਦੇ ਖ਼ਾਤਮੇ 'ਤੇ ਕੇਵਲ ਜ਼ੁਬਾਨ ਨਾਲ (اَلسَّلَامُ عَلَيْكُمْ وَرَحْمَةُ اللهِ) (ਅੱਸਲਾਮੁ ਅਲੈਕੁਮ ਵਾ ਰਹਮਾਤੁੱਲਹਿ) ਕਹੋ ਅਤੇ ਹੱਥਾਂ ਨਾਲ ਇਸ਼ਾਰਾ ਨਾ ਕਰੋ।

(ਮੁਸਲਿਮ-431)

ਇਮਾਮ ਨੋਵੀ (ਰਹਿ.)"ਅਲ-ਮਜਮੂਅ" ਵਿੱਚ ਫ਼ਰਮਾਉਂਦੇ ਹਨ: ਹਜ਼ਰਤ ਜਾਬਿਰ ਬਿਨ ਸਮਰਾ (ਰਜ਼ੀ.) ਦੀ ਇਸ ਰਵਾਇਤ ਤੋਂ ਰੁਕੂਅ ਵਿੱਚ ਜਾਂਦੇ ਅਤੇ ਉੱਠਦੇ ਸਮੇਂ ਰਫ਼ਆ-ਯਦੈਨ ਨਾ ਕਰਨ ਦੀ ਦਲੀਲ ਲੈਣਾ ਅਜੀਬ ਗੱਲ ਹੈ ਅਤੇ ਸੁੰਨਤ ਤੋਂ ਜਹਾਲਤ ਦੀ ਬੁਰੀ ਕਿਸਮ ਹੈ। ਕਿਉਂਕਿ ਇਹ ਹਦੀਸ ਰੁਕੂਅ ਨੂੰ ਜਾਂਦੇ ਅਤੇ ਉੱਠਦੇ ਸਮੇਂ ਰਫ਼ਆ-ਯਦੈਨ ਦੇ ਸੰਬੰਧ ਵਿਚ ਨਹੀਂ ਹੈ ਸਗੋਂ ਤਸ਼ਾਹੁਦ ਵਿੱਚ ਸਲਾਮ ਦੇ ਸਮੇਂ ਦੋਵਾਂ ਪਾਸੇ ਹੱਥਾਂ ਨਾਲ ਇਸ਼ਾਰੇ ਕਰਨ ਦੀ ਮਨਾਹੀ ਦੇ ਸੰਬੰਧ ਵਿੱਚ ਹੈ। ਮੁਹੱਦਸੀਨ ਅਤੇ ਜਿਹਨਾਂ ਦਾ ਉਹਨਾਂ ਨਾਲ ਥੋੜ੍ਹਾ ਜਿਹਾ ਵੀ ਸੰਬੰਧ ਹੈ, ਉਹਨਾਂ ਦੇ ਵਿਚਕਾਰ ਇਸ ਸੰਬੰਧ ਵਿੱਚ ਕੋਈ ਮੱਤ-ਭੇਦ ਨਹੀਂ ਹੈ। ਇਸ ਤੋਂ ਬਾਦ ਇਮਾਮ ਨੋਵੀ, ਇਮਾਮ ਬੁਖ਼ਾਰੀ (ਰਹਿ.) ਦੇ ਕਥਨ ਲਿਖਦੇ ਹਨ ਕਿ ਇਸ ਹਦੀਸ ਤੋਂ ਕੁੱਝ ਜਾਹਿਲ ਲੋਕਾਂ ਦੀ ਦਲੀਲ ਲੈਣਾ ਸਹੀ ਨਹੀਂ ਕਿਉਂਕਿ ਇਹ ਸਲਾਮ ਦੇ ਸਮੇਂ ਹੱਥ ਚੁੱਕਣ ਦੇ ਸੰਬੰਧ ਵਿੱਚ ਹੈ ਅਤੇ ਜਿਹੜਾ ਵਿਦਵਾਨ ਹੈ ਉਹ ਇਸ ਤਰ੍ਹਾਂ ਦੀ ਦਲੀਲ ਨਹੀਂ ਲੈਂਦਾ ਕਿਉਂਕਿ ਇਹ ਪ੍ਰਸਿੱਧ ਅਤੇ ਜਾਣੀ ਪਹਿਚਾਣੀ ਗੱਲ ਹੈ। ਇਸ ਵਿੱਚ ਕਿਸੇ ਦਾ ਮੱਤ-ਭੇਦ ਨਹੀਂ ਹੈ ਅਤੇ ਜੇਕਰ ਇਹ ਗੱਲ ਠੀਕ ਹੁੰਦੀ ਤਾਂ ਨਮਾਜ਼ ਦੇ ਸ਼ੁਰੂ ਵਿੱਚ ਅਤੇ ਈਦ

ਦੀ ਨਮਾਜ਼ ਵਿੱਚ ਵੀ ਰਫ਼ਆ-ਯਦੈਨ ਮਨ੍ਹਾਂ ਹੋ ਜਾਂਦੇ, ਕਿਉਂਕਿ ਇਸ ਵਿੱਚ ਕਿਸੇ ਖਾਸ ਰਫ਼ਆ-ਯਦੈਨ ਦਾ ਵਰਣਨ ਨਹੀਂ ਕੀਤਾ ਗਿਆ। ਇਮਾਮ ਬੁਖ਼ਾਰੀ ਫ਼ਰਮਾਉਂਦੇ ਹਨ ਕਿ ਇਸ ਕਰਕੇ ਉਹਨਾਂ ਲੋਕਾਂ ਨੂੰ ਇਸ ਗੱਲ ਤੋਂ ਡਰਨਾ ਚਾਹੀਦਾ ਹੈ ਕਿ ਉਹ ਨਬੀ (ਸ.) ਦੀ ਉਹ ਗੱਲ ਕਹਿ ਰਹੇ ਹਨ ਜਿਹੜੀ ਆਪ ਨੇ ਕਹੀ ਹੀ ਨਹੀਂ ਕਿਉਂਕਿ ਅੱਲਾਹ ਤਆਲਾ ਫ਼ਰਮਾਉਂਦਾ ਹੈ:

﴿فَلْيَحْذَرِ الَّذِيْنَ يُخَالِفُوْنَ عَنْ اَمْرِهٖ اَنْ تُصِيْبَهُمْ فِتْنَةٌ اَوْيُصِيْبَهُمْ عَذَابٌ اَلِيْمٌ﴾

"ਫੇਰ ਉਹਨਾਂ ਲੋਕਾਂ ਨੂੰ ਜਿਹੜੇ ਨਬੀ (ਸ.) ਦਾ ਵਿਰੋਧ ਕਰਦੇ ਹਨ ਇਸ ਗੱਲ ਤੋਂ ਡਰਨਾ ਚਾਹੀਦਾ ਕਿ ਉਹਨਾਂ ਨੂੰ (ਦੁਨੀਆ ਵਿੱਚ) ਕੋਈ ਫ਼ਿਤਨਾ ਜਾਂ (ਪਰਲੋਕ ਵਿੱਚ) ਦਰਦਨਾਕ ਅਜ਼ਾਬ ਮਿਲੇ।"

(ਸੂਰਤ ਨੂਰ-63)

ਦੂਸਰੀ ਹਦੀਸ:

ਹਜ਼ਰਤ ਅਬਦੁੱਲਾਹ ਬਿਨ ਮਸਊਦ (ਰਜ਼ੀ.) ਨੇ ਫ਼ਰਮਾਇਆ: ਕੀ ਮੈਂ ਤੁਹਾਨੂੰ ਰਸੂਲੱਲਾਹ ਦੀ ਨਮਾਜ਼ ਨਾ ਦੱਸਾਂ? ਉਹਨਾਂ ਨਮਾਜ਼ ਪੜ੍ਹੀ ਅਤੇ ਹੱਥ ਨਾ ਚੁੱਕੇ ਪ੍ਰੰਤੂ ਪਹਿਲੀ ਵਾਰ।

(ਅਬੂ ਦਾਊਦ-748 ਅਤੇ ਤਿਰਮਿਜ਼ੀ-257)

ਵਿਸ਼ਲੇਸਣ: ਇਮਾਮ ਅਬੂ ਦਾਊਦ ਇਸ ਹਦੀਸ ਤੋਂ ਬਾਦ ਫ਼ਰਮਾਉਂਦੇ ਹਨ:

ليس هو بصحيح على هذا اللفظ

"ਇਹ ਹਦੀਸ ਇਹਨਾਂ ਵਾਕਾਂ ਦੇ ਨਾਲ ਸਹੀ ਨਹੀਂ ਹੈ।" (ਅਬੂ ਦਾਊਦ ਦਾ ਹਵਾਲਾ ਉਪਰੋਕਤ ਹੈ) ਦਾਰੁਲ-ਸਲਾਮ ਰਿਆਜ਼ ਅਤੇ ਬੇਤੁਲ-ਅਫ਼ਕਾਰੁਦ-ਦੋਲੀਆ ਵੱਲੋਂ ਪ੍ਰਕਾਸ਼ਿਤ ਕੀਤੀ ਹੋਈ ਪੁਸਤਕ ਅਬੂ ਦਾਊਦ ਵਿੱਚ ਇਹ ਵਿਆਖਿਆ ਮੌਜੂਦ ਹੈ।

ਇਮਾਮ ਤਿਰਮਿਜ਼ੀ ਨੇ ਅਬਦੁੱਲਾਹ ਬਿਨ ਮੁਬਾਰਕ (ਰਹਿ.) ਦੇ ਕਥਨ ਨੂੰ ਤਹਰੀਰ ਕੀਤਾ ਹੈ:

(لم يثبت حديث ابن مسعود)

"ਹਜ਼ਰਤ ਅਬਦੁੱਲਾਹ ਬਿਨ ਮਸਊਦ (ਰਜ਼ੀ.) ਦੀ ਰਫ਼ਆ-ਯਦੈਨ ਦੇ ਛੱਡਣ ਦੀ ਹਦੀਸ ਸਾਬਤ ਨਹੀਂ ਹੈ।" (ਤਿਰਮਿਜ਼ੀ-254) ਇਮਾਮ ਇਬਨੇ ਹੱਬਾਨ (ਰਹਿ.) ਨੇ ਤਾਂ ਇੱਥੋਂ ਤੱਕ ਲਿਖ ਦਿੱਤਾ ਕਿ ਇਸ ਵਿੱਚ ਬਹੁਤ ਸਾਰੀਆਂ ਉਲਝਣਾਂ ਹਨ ਜਿਹੜੀਆਂ ਇਸਨੂੰ ਝੂਠਾ ਬਣਾਉਂਦੀਆਂ ਹਨ। (ਜਿਵੇਂ ਕਿ ਇਸ ਵਿੱਚ ਸੁਫ਼ਿਆਨ ਸੌਰੀ ਮੁਦੱਲਿਸ (ਹਦੀਸਾਂ ਨਾਲ ਛੇੜਛਾੜ ਕਰਨ ਵਾਲੇ) ਹਨ ਅਤੇ ਵੱਲੋਂ ਨਾਲ ਰਵਾਇਤ ਕਰਦੇ ਹਨ। ਮੁਦੱਲਿਸ ਦੀਆਂ ਅਨ-ਵੱਲੋਂ ਵਾਲੀਆਂ ਰਵਾਇਤਾਂ ਤਫ਼ੱਰੁਦ (ਜਿਸ ਦੇ ਵਿੱਚ ਹਦੀਸ ਰਵਾਇਤ ਕਰਨ ਵਾਲਾ ਬੰਦਾ ਇਕੱਲਾ ਹੋਵੇ) ਦੀ ਹਾਲਤ ਵਿੱਚ ਜ਼ਈਫ਼ ਹਨ।

ਤੀਸਰੀ ਹਦੀਸ:

ਹਜ਼ਰਤ ਬਰਾ (ਰਜ਼ੀ.) ਕਹਿੰਦੇ ਹਨ ਮੈਂ ਰਸੂਲੱਲਾਹ (ਸ.) ਨੂੰ ਦੇਖਿਆ ਆਪ ਜਦੋਂ ਨਮਾਜ਼ ਸ਼ੁਰੂ ਕਰਦੇ ਤਾਂ ਦੋਵਾਂ ਹੱਥਾਂ ਨੂੰ ਕੰਨਾਂ ਤੱਕ ਚੁੱਕਦੇ (ثُمَّ لَمْ يَعُوْدْ) ਫਿਰ ਨਹੀਂ ਚੁੱਕਦੇ ਸੀ।

(ਅਬੂ ਦਾਊਦ-749)

ਵਿਸ਼ਲੇਸ਼ਣ: ਇਮਾਮ ਨੋਵੀ (ਰਹਿ.) ਫ਼ਰਮਾਉਂਦੇ ਹਨ ਕਿ ਇਹ ਹਦੀਸ ਜ਼ਈਫ਼ ਹੈ,ਇਸਨੂੰ ਸੁਫ਼ਿਆਨ ਬਿਨ ਓਈਨਾ,ਇਮਾਮ ਸ਼ਾਫ਼ਈ,ਇਮਾਮ ਬੁਖ਼ਾਰੀ ਦੇ ਉਸਤਾਦ ਇਮਾਮ ਹਮੀਦੀ ਅਤੇ ਇਮਾਮ ਅਹਿਮਦ ਬਿਨ ਹੰਬਲ ਵਰਗੇ ਹਦੀਸਾਂ ਦੇ ਇਮਾਮਾਂ (ਰਹਿ.) ਨੇ ਜ਼ਈਫ਼ ਕਰਾਰ ਦਿੱਤਾ ਹੈ। ਕਿਉਂਕਿ ਯਜ਼ੀਦ ਬਿਨ ਅਬੀ ਜ਼ਿਯਾਦ ਪਹਿਲਾਂ (لَمْ يَعُوْدْ) ਨਹੀਂ ਕਹਿੰਦਾ ਸੀ,ਕੂਫ਼ਾ ਵਾਲਿਆਂ ਦੇ ਸਿਖਾਉਣ 'ਤੇ ਉਸ ਨੇ ਇਹ ਵਾਕ ਵਧਾ ਦਿੱਤੇ। ਇਸ ਤੋਂ ਇਲਾਵਾ ਯਜ਼ੀਦ ਬਿਨ ਅਬੀ ਜ਼ਿਯਾਦ ਕਮਜ਼ੋਰ ਅਤੇ ਸ਼ੀਆ ਵੀ ਸੀ। ਅੰਤ ਦੇ ਸਮੇਂ ਯਾਦਾਸ਼ਤ ਖ਼ਰਾਬ ਹੋ ਗਈ ਸੀ (ਤਕਰੀਬ) ਅਤੇ ਮੁਦੱਲਿਸ ਸੀ।

ਇਸ ਤੋਂ ਇਲਾਵਾ ਰਫ਼ਆ-ਯਦੈਨ ਦੀਆਂ ਹਦੀਸਾਂ ਸਰਵਉੱਚ ਹਨ ਕਿਉਂਕਿ ਉਹ ਸਕਾਰਾਤਮਕ ਹਨ ਅਤੇ ਨਕਾਰਾਤਮਕ ਨਾਲੋਂ ਸਕਾਰਾਤਮਕ ਹਦੀਸਾਂ ਨੂੰ ਪਹਿਲ ਦਿੱਤੀ ਜਾਂਦੀ ਹੈ।

ਕੁੱਝ ਲੋਕ ਦਲੀਲ ਦਿੰਦੇ ਹਨ ਕਿ ਮੁਨਾਫ਼ਿਕ ਕਮੀਜ਼ ਦੀਆਂ ਬਾਂਹਵਾਂ ਅਤੇ ਬਗ਼ਲਾਂ ਵਿੱਚ ਬੁੱਤ ਰੱਖ ਕੇ ਲਿਆਉਂਦੇ ਸਨ,ਬੁੱਤਾਂ ਨੂੰ ਸੁੱਟਣ ਲਈ ਰਫ਼ਆ-ਯਦੈਨ ਕੀਤਾ ਗਿਆ,ਬਾਦ ਵਿੱਚ ਇਸਨੂੰ ਛੱਡ ਦਿੱਤਾ,ਪ੍ਰੰਤੂ ਹਦੀਸਾਂ ਦੀਆਂ ਕਿਤਾਬਾਂ ਵਿੱਚ ਇਸਦਾ ਕੋਈ ਸਬੂਤ ਨਹੀਂ ਹੈ।ਪ੍ਰੰਤੂ ਇਹ ਗੱਲ ਜਾਹਲਾਂ ਦੀ ਜ਼ੁਬਾਨ 'ਤੇ ਘੁੰਮਦੀ ਰਹਿੰਦੀ ਹੈ।

ਹੇਠਾਂ ਲਿਖੀਆਂ ਵਾਸਤਵਿਕਤਾਵਾਂ ਇਸ ਕਥਨ ਦੀ ਕਮਜ਼ੋਰੀ ਸਿੱਧ ਕਰਦੀਆਂ ਹਨ:

(1) ਮੱਕਾ ਵਿੱਚ ਬੁੱਤ ਸਨ ਪ੍ਰੰਤੂ ਜਮਾਅਤ ਫ਼ਰਜ਼ ਨਹੀਂ ਸੀ। ਮਦੀਨਾ ਵਿੱਚ ਜਮਾਅਤ ਫ਼ਰਜ਼ ਹੋਈ ਪਰ ਬੁੱਤ ਨਹੀਂ ਸਨ,ਫਿਰ ਮੁਨਾਫ਼ਿਕ ਕਿਹੜੇ ਬੁੱਤਾਂ ਨੂੰ ਚੁੱਕ ਕੇ ਮਸਜਿਦਾਂ ਵਿੱਚ ਚਲੇ ਆਉਂਦੇ ਸਨ?

(2) ਆਸ਼ਚਰਜ਼ ਹੈ ਕਿ ਜਾਹਲ ਲੋਕ ਇਸ ਗੱਪ ਨੂੰ ਸਹੀ ਮੰਨਦੇ ਹਨ ਅਤੇ ਇਸੇ ਦੇ ਨਾਲ ਨਬੀ ਅਕਰਮ (ਸ.) ਨੂੰ ਆਲਿਮ-ਉਲ-ਗ਼ੈਬ ਵੀ ਮੰਨਦੇ ਹਨ ਜੇਕਰ ਅਪ (ਸ.) ਆਲਿਮ-ਉਲ-ਗ਼ੈਬ ਹੁੰਦੇ ਤਾਂ ਰਫ਼ਆ-ਯਦੈਨ ਕਰਵਾਉਣ ਤੋਂ ਬਿਨਾਂ ਹੀ ਇਹ ਜਾਣ ਸਕਦੇ ਸੀ ਕਿ ਫ਼ਲਾਂ-ਫ਼ਲਾਂ ਵਿਅਕਤੀ ਮਸਜਿਦ ਵਿੱਚ ਬੁੱਤ ਲੈ ਆਇਆ ਹੈ।

(3) ਬੁੱਤ ਹੀ ਸੁੱਟਣੇ ਸੀ ਤਾਂ ਇਹ,ਤਕਬੀਰ-ਏ-ਤਹਿਰੀਮਾ ਕਹਿੰਦੇ ਸਮੇਂ ਜਿਹੜਾ ਰਫ਼ਆ-ਯਦੈਨ ਕੀਤਾ ਜਾਂਦਾ ਹੈ ਅਤੇ ਇਸੇ ਤਰ੍ਹਾਂ ਰੁਕੂਅ ਅਤੇ ਸਿਜਦੇ ਦੇ ਦੌਰਾਨ ਵੀ ਡਿੱਗ ਸਕਦੇ ਸਨ,ਇਸ ਲਈ ਅਲੱਗ ਤੋਂ ਰਫ਼ਆ-ਯਦੈਨ ਦੀ ਸੁੰਨਤ ਜਾਰੀ ਕਰਨ ਦੀ ਕੋਈ ਲੋੜ ਨਹੀਂ ਸੀ।

(4) ਦੋਗਲੇ ਲੋਕ ਵੀ ਕਿੰਨੇ ਵਿਵੇਕਹੀਨ ਸਨ ਕਿ ਬੁੱਤ ਜੇਬਾਂ ਵਿੱਚ ਲਿਆਉਣ ਦੀ ਥਾਂ ਬਗ਼ਲਾਂ ਵਿੱਚ ਲੈਕੇ ਆਉਂਦੇ ਸਨ?

(5) ਨਿਸ਼ਚਿਤ ਹੀ ਜਾਹਲ ਲੋਕ ਅਤੇ ਉਹਨਾਂ ਦੇ ਪੇਸ਼ਵਾ (ਆਗੂ) ਇਹ ਦੱਸਣ ਵਿੱਚ ਨਾਕਾਮ ਹਨ ਕਿ ਉਹਨਾਂ ਦੇ ਹੀ ਕਹਿਣ ਅਨੁਸਾਰ ਰਫ਼ਆ-ਯਦੈਨ ਕਰਦੇ ਸਮੇਂ ਮੁਨਾਫ਼ਿਕਾਂ ਦੀਆਂ ਬਗ਼ਲਾਂ ਵਿੱਚੋਂ ਜੇਕਰ ਬੁੱਤ ਡਿੱਗਦੇ ਸਨ ਤਾਂ ਫਿਰ ਆਪ ਨੇ ਉਹਨਾਂ ਨੂੰ ਕੀ ਸਜ਼ਾ ਦਿੱਤੀ?

ਅਸਲ ਵਿੱਚ ਇਹ ਮਾਤਰ ਇੱਕ ਘੜ੍ਹੀ ਹੋਈ ਕਹਾਣੀ ਹੈ। ਜਿਸਦਾ ਸੱਚਾਈ ਦੇ ਨਾਲ ਥੋੜ੍ਹਾ ਜਿਹਾ ਵੀ ਸੰਬੰਧ ਨਹੀਂ ਹੈ।

ਇਹ ਵੀ ਦਲੀਲ ਦਿੱਤੀ ਜਾਂਦੀ ਹੈ ਕਿ ਇਬਨੇ ਹਜ਼ਰਤ ਜ਼ੁਬੈਰ (ਰਜ਼ੀ:) ਕਹਿੰਦੇ ਹਨ:ਰਸੂਲੱਲਾਹ (ਸ.) ਨੇ ਰਫ਼ਆ-ਯਦੈਨ ਕੀਤਾ ਸੀ ਅਤੇ ਬਾਦ ਵਿੱਚ ਛੱਡ ਦਿੱਤਾ ਸੀ।

(ਨਸਬੁੱਰਾਯਾ-1/404,ਪ੍ਰੰਤੂ ਇਹ ਰਵਾਇਤ ਮੁਰਸਲ ਅਤੇ ਜ਼ਈਫ਼ ਹੈ)

ਸੱਚਾਈ ਤਾਂ ਇਹ ਹੈ ਕਿ ਰਫ਼ਆ-ਯਦੈਨ ਮਨਸੂਖ਼ (ਖ਼ਤਮ) ਹੀ ਨਹੀਂ ਹੋਇਆ। ਕਿਉਂਕਿ ਮਨਸੂਖ਼ ਹਮੇਸ਼ਾ ਉੱਥੇ ਹੁੰਦਾ ਹੈ ਜਿੱਥੇ (1) ਦੋ ਹਦੀਸਾਂ ਆਪਸ ਵਿੱਚ ਟਕਰਾਉਂਦੀਆਂ ਹੋਣ।(2) ਦੋਵੇਂ ਮਕਬੂਲ ਹੋਣ।(3) ਉਹਨਾਂ ਦਾ ਕੋਈ ਸਾਂਝਾ ਅਰਥ ਨਾ ਨਿਕਲਦਾ ਹੋਵੇ।(4) ਦਲੀਲਾਂ ਤੋਂ ਸਾਬਤ ਹੁੰਦਾ ਹੋਵੇ ਕਿ ਉਹਨਾਂ ਦੋਵਾਂ ਵਿੱਚ ਫ਼ਲਾਂ ਪਹਿਲੇ ਯੁੱਗ ਦੀ ਹੈ ਅਤੇ ਫ਼ਲਾਂ ਬਾਦ ਵਿੱਚ ਦੱਸੀ ਗਈ ਹੈ,ਉਸ ਸਮੇਂ ਬਾਦ ਵਾਲੀ ਹਦੀਸ ਪਹਿਲੀ ਹਦੀਸ ਨੂੰ ਮਨਸੂਖ਼ ਕਰ ਦਿੰਦੀ ਹੈ।

ਪ੍ਰੰਤੂ ਇੱਥੇ ਰਫ਼ਆ-ਯਦੈਨ ਕਰਨ ਦੀਆਂ ਹਦੀਸਾਂ ਜ਼ਿਆਦਾ ਹਨ ਅਤੇ ਸਹੀ ਵੀ,ਜਦੋਂ ਕਿ ਨਾ ਕਰਨ ਦੀਆਂ ਹਦੀਸਾਂ ਘੱਟ ਹਨ ਅਤੇ ਕਮਜ਼ੋਰ ਵੀ (ਉਹਨਾਂ 'ਤੇ ਮੁਹੱਦਿਸੀਨ ਦੀ ਬਹਿਸ ਵੀ ਹੈ)। ਹੁਣ ਨਾ ਤਾਂ ਮਕਬੂਲ ਅਤੇ ਮਰਦੂਦ (ਰੱਦ ਹੋਈਆਂ) ਹਦੀਸਾਂ ਦਾ ਸਾਂਝਾ ਅਰਥ ਲੈਣਾ ਜਾਇਜ਼ ਹੈ ਅਤੇ ਨਾ ਹੀ ਮਰਦੂਦ (ਰੱਦ ਹੋਈਆਂ) ਹਦੀਸਾਂ ਨਾਲ ਮਕਬੂਲ ਹਦੀਸਾਂ ਨੂੰ ਮਨਸੂਖ਼ ਕੀਤਾ ਜਾ ਸਕਦਾ ਹੈ। ਰਫ਼ਆ-ਯਦੈਨ ਦੇ ਮਨਸੂਖ਼ ਨਾ ਹੋਣ ਦੀਆਂ ਹਦੀਸਾਂ ਇਹ ਹਨ:

(1) ਸਹਾਬਾ ਕਿਰਾਮ (ਰਜ਼ੀ.) ਨੇ ਆਪ ਜੀ ਦੇ ਪਵਿੱਤਰ ਜੀਵਨ ਦੇ ਅੰਤਿਮ ਦਿਨਾਂ (9ਹਿ. ਅਤੇ 10ਹਿ.) ਵਿੱਚ ਨਬੀ ਅਕਰਮ (ਸ.) ਦਾ ਰਫ਼ਆ-ਯਦੈਨ ਕਰਨਾ ਰਵਾਇਤ ਕੀਤੀ ਹੈ।

(2) ਸਹਾਬਾ ਕਿਰਾਮ (ਰਜ਼ੀ.) ਨਬੂਵਤ ਦੇ ਯੁੱਗ ਤੋਂ ਬਾਦ ਵੀ ਰਫ਼ਆ-ਯਦੈਨ 'ਤੇ ਅਮਲ ਕਰਦੇ ਰਹੇ।

(3) ਕਿਹਾ ਜਾਂਦਾ ਹੈ ਚਾਰੇ ਇਮਾਮ ਸੱਚੇ ਹਨ ਜੇਕਰ ਇਸ ਤਰ੍ਹਾਂ ਹੈ ਤਾਂ ਉਹਨਾਂ ਚਾਰਾਂ ਵਿੱਚੋਂ ਤਿੰਨ ਰਫ਼ਆ-ਯਦੈਨ ਕਰਨ ਦੇ ਕਾਇਲ ਹਨ।

(4) ਜਿਹਨਾਂ ਮੁਹੱਦਸੀਨ ਕਿਰਾਮ (ਰਹਿ.) ਨੇ ਰਫ਼ਆ-ਯਦੈਨ ਦੀਆਂ ਹਦੀਸਾਂ ਨੂੰ ਆਪਣੀਆਂ ਮਕਬੂਲ ਅਤੇ ਪ੍ਰਮਾਣਿਕਤਾਵਾਂ ਨਾਲ ਰਵਾਇਤ ਕੀਤਾ ਹੈ

ਉਹਨਾਂ ਵਿੱਚੋਂ ਕਿਸੇ ਨੇ ਇਹ ਟਿੱਪਣੀ ਨਹੀਂ ਕੀਤੀ ਕਿ "ਰਫ਼ਆ-ਯਦੈਨ ਮਨਸੂਖ਼ ਹੈ" ਇਸ ਤੋਂ ਸਾਬਤ ਹੁੰਦਾ ਹੈ ਕਿ ਸਹਾਬਾ 'ਤੇ ਤਾਬੀਈਨ ਅਤੇ ਫ਼ੁਕਹਾ ਅਤੇ ਮੁਹੱਦਸੀਨ ਦੇ ਨੇੜੇ ਰਫ਼ਆ-ਯਦੈਨ ਮਨਸੂਖ਼ ਨਹੀਂ ਸਗੋਂ ਨਬੀ (ਸ.) ਦੀ ਸੁੰਨਤ ਹੈ ਅਤੇ ਸਪੱਸ਼ਟ ਹੈ ਕਿ ਸੁੰਨਤ ਛੱਡਣ ਲਈ ਨਹੀਂ ਸਗੋਂ ਅਪਨਾਉਣ ਲਈ ਹੁੰਦੀ ਹੈ। ਹੁਣ ਜਿਹੜਾ ਵਿਅਕਤੀ ਇੱਕ ਗ਼ੈਰ ਮਾਸੂਮ ਉੱਮਤੀ ਦੇ ਅਮਲ ਨੂੰ ਨਬੀ ਦੀ ਸੁੰਨਤ ਤੇ ਪਹਿਲ ਦਿੰਦਾ ਹੈ ਅਤੇ ਸੁੰਨਤ ਨੂੰ ਹਮੇਸ਼ਾ ਜਾਣ-ਬੁੱਝ ਕੇ ਛੱਡਿਆ ਹੋਇਆ ਹੈ ਉਸਨੂੰ ਰਸੂਲੱਲਾਹ (ਸ.) ਨੂੰ ਮੁਹੱਬਤ ਕਰਨ ਦਾ ਦਾਅਵਾ ਚੰਗਾ ਨਹੀਂ ਲੱਗਦਾ। ਅੱਲਾਹ ਤਆਲਾ ਸਾਨੂੰ ਸਾਰਿਆਂ ਨੂੰ ਹਦਾਇਤ ਦੇਵੇ। ਆਮੀਨ

ਇਸੇ ਤਰ੍ਹਾਂ ਇਸ ਸਿਲਸਿਲੇ ਵਿੱਚ ਇੱਕ ਹੋਰ ਰਵਾਇਤ ਵੀ ਪੇਸ਼ ਕੀਤੀ ਜਾਂਦੀ ਹੈ ਕਿ ਹਜ਼ਰਤ ਅਬਦੁੱਲਾਹ ਬਿਨ ਮਸਊਦ (ਰਜ਼ੀ.) ਨੇ ਫ਼ਮਾਇਆ "ਮੈਂ ਰਸੂਲੱਲਾਹ (ਸ.),ਅਬੂ ਬਕਰ ਅਤੇ ਉਮਰ (ਰਜ਼ੀ.) ਦੇ ਨਾਲ ਨਮਾਜ਼ ਪੜ੍ਹੀ ਇਹ ਲੋਕ ਨਮਾਜ਼ ਦੇ ਸ਼ੁਰੂ ਤੋਂ ਇਲਾਵਾ ਹੱਥ ਨਹੀਂ ਚੁੱਕਦੇ ਸਨ।"

(ਬੈਹਕੀ-2/79,80)

ਇਮਾਮ ਦਾਰ ਕੁਤਨੀ ਲਿਖਦੇ ਹਨ ਕਿ ਇਸਦਾ ਰਾਵੀ ਮੁਹੰਮਦ ਬਿਨ ਜਾਬਿਰ ਜ਼ਈਫ਼ ਹੈ। ਸਗੋਂ ਕੁੱਝ ਉਲਮਾ (ਇਬਨੇ ਜੋਜ਼ੀ ਅਤੇ ਇਬਨੇ ਤੈਮੀਆ ਆਦਿ) ਨੇ ਇਸਨੂੰ ਮੌਜ਼ੂ (ਘੜਿਆ) ਹੋਇਆ ਕਿਹਾ ਹੈ।(ਭਾਵ ਇਹ ਰਵਾਇਤ ਇਬਨੇ ਮਸਊਦ ਰਜ਼ੀ:ਦੀ ਬਿਆਨ ਕੀਤੀ ਹੋਈ ਨਹੀਂ ਹੈ ਸਗੋਂ ਕਿਸੇ ਨੇ ਆਪਣੇ ਆਪ ਘੜ੍ਹ ਕੇ ਉਹਨਾਂ ਵੱਲ ਸੰਬੰਧਿਤ ਕਰ ਦਿੱਤੀ ਹੈ) ਇਸ ਲਈ ਇਹੋ ਜਿਹੀਆਂ ਰਵਾਇਤਾਂ ਦੱਸਣਾ ਜਾਇਜ਼ ਨਹੀਂ ਹੈ।

ਸਿੱਟਾ : ਰਫ਼ਆ-ਯਦੈਨ ਦੀਆਂ ਹਦੀਸਾਂ ਅਧਿਕਤਰ ਸਹੀ ਅਤੇ ਪ੍ਰਮਾਣਿਕ ਰਾਵੀਆਂ ਵੱਲੋਂ ਬਿਆਨ ਕੀਤੀਆ ਗਈਆਂ ਹਨ। ਰਫ਼ਆ-ਯਦੈਨ ਨਾ ਕਰਨ ਦੀਆਂ ਹਦੀਸਾਂ ਅਰਥ ਅਤੇ ਪ੍ਰਮਾਣਿਕਤਾ ਉੱਤੇ ਖਰੀਆਂ ਨਹੀ ਉੱਤਰਦੀਆਂ ਹਨ। ਇਮਾਮ ਬੁਖ਼ਾਰੀ (ਰਹਿ.) ਲਿਖਦੇ ਹਨ ਕਿ ਵਿਦਵਾਨਾਂ ਦੇ ਨੇੜੇ ਕਿਸੇ ਇੱਕ ਸਹਾਬਾ ਤੋਂ ਵੀ ਰਫ਼ਆ-ਯਦੈਨ ਨਾ ਕਰਨਾ ਸਾਬਤ ਨਹੀਂ ਹੁੰਦਾ।

***